a2zpapers.com

www.a2zpapers.com

**Exam. Code : 103203**
**Subject Code : 1161**

## B.A./B.Sc. 3rd Semester
## MUDHLI PUNJABI

Time Allowed—3 Hours] [Maximum Marks—50

1. (ੳ) ਨਾਂਵ ਵਾਕੰਸ਼ ਨੂੰ ਪਰਿਭਾਸ਼ਤ ਕਰੋ ਅਤੇ ਨਾਂਵ ਵਾਕੰਸ਼ ਦੀਆਂ ਪੰਜ ਉਦਾਹਰਣਾਂ ਲਿਖੋ। 5

   (ਅ) ਉਪਵਾਕ ਦੀ ਪਰਿਭਾਸ਼ਾ ਅਤੇ ਕਿਸਮਾਂ ਦਾ ਵਰਨਣ ਉਦਾਹਰਣਾਂ ਸਹਿਤ ਕਰੋ। 5

   (ੲ) ਮਿਸ਼ਰਤ ਵਾਕ ਤੋਂ ਕੀ ਭਾਵ ਹੈ ? ਮਿਸ਼ਰਤ ਵਾਕ ਦੀਆਂ ਪੰਜ ਉਦਾਹਰਣਾਂ ਲਿਖੋ। 5

   (ਸ) ਹੁਕਮੀ ਵਾਕ ਦੀ ਪਰਿਭਾਸ਼ਾ ਇਸ ਦੀਆਂ ਪੰਜ ਉਦਾਹਰਣਾਂ ਸਹਿਤ ਲਿਖੋ। 5

2. (ੳ) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

   (i) ਦੀਵਾਲੀ ਅਤੇ ਪ੍ਰਦੂਸ਼ਣ

   (ii) ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ

   (iii) ਮੋਬਾਇਲ ਫੋਨ ਦੀ ਦੁਰਵਰਤੋਂ। 5



www.a2zpapers.com www.a2zpapers.com
ad free old Question papers gndu, ptu hp board, punjab

a2zpapers.com

(ਅ) ਕਾਲਜ ਵਿੱਚ ਸਹਾਇਕ ਪ੍ਰੋਫ਼ੈਸਰ ਦੀ ਨੌਕਰੀ ਲਈ ਬਿਨੈ-ਪੱਤਰ ਲਿਖੋ। 5

(ੲ) ਹੇਠ ਲਿਖੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਚਾਂਦੀ ਦੀ ਜੁੱਤੀ ਮਾਰਨਾ, ਜ਼ਖਮਾਂ 'ਤੇ ਲੂਣ ਛਿੜਕਣਾ, ਟਕੇ ਵਰਗਾ ਜਵਾਬ ਦੇਣਾ, ਦਿਨ ਰਾਤ ਇੱਕ ਕਰਨਾ, ਪੱਟੀ ਪੜ੍ਹਾਉਣੀ। 5

3. (ੳ) ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਮੁੰਦਰੀ ਨਾਲ ਮਨੁੱਖ ਦੇ ਕਈ ਵਿਸ਼ਵਾਸ ਤੇ ਵਹਿਮ ਭਰਮ ਜੁੜੇ ਹੋਏ ਹਨ। ਗ੍ਰਹਿਆਂ ਦੇ ਬੁਰੇ ਪ੍ਰਭਾਵਾਂ ਤੋਂ ਬਚਣ ਲਈ, ਧਨ ਪ੍ਰਾਪਤੀ ਲਈ, ਭਵਿੱਖ ਦੀਆਂ ਮੁਸ਼ਕਲਾਂ ਤੋਂ ਨਿਜਾਤ ਪਾਉਣ ਲਈ ਸੋਨੇ, ਚਾਂਦੀ ਅਤੇ ਤਾਂਬੇ ਦੀਆਂ ਧਾਤਾਂ ਵਿੱਚ ਨੀਲਮ, ਪੁਖਰਾਜ ਅਤੇ ਮੂੰਗਾ ਆਦਿ ਪੱਥਰ ਜੜ ਕੇ ਪਹਿਨੇ ਜਾਂਦੇ ਹਨ। ਹੱਥਾਂ ਤੋਂ ਬਿਨਾ ਪੈਰਾਂ ਦੀਆਂ ਉਂਗਲਾਂ ਵਿੱਚ ਪਹਿਨੇ ਜਾਂਦੇ ਛੱਲਿਆਂ ਨੂੰ ਬਿਛੂਏ ਅਤੇ ਗੂਠੜੇ ਕਿਹਾ ਜਾਂਦਾ ਹੈ। ਇਹ ਵਿਆਹ ਤੋਂ ਬਾਅਦ ਪਹਿਨੇ ਜਾਣ ਦੀ ਪ੍ਰਥਾ ਹੈ। ਇਕ ਲੋਕ ਵਿਸ਼ਵਾਸ ਅਨੁਸਾਰ ਪੈਰਾਂ ਵਿੱਚ ਬਿਛੂਏ ਪਹਿਨਣ ਨਾਲ ਸੱਪ ਜਾਂ ਅਠੂੰਆਂ ਪੈਰਾਂ ਦੇ ਨੇੜੇ ਨਹੀਂ



www.a2zpapers.com
www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

ਆਉਂਦਾ। ਬਿਛੂਏ ਜ਼ਿਆਦਾਤਰ ਚਾਂਦੀ ਦੇ ਬਣੇ ਹੁੰਦੇ ਹਨ ਕਿਉਂਕਿ ਸੋਨੇ ਨੂੰ ਪਵਿੱਤਰ ਧਾਤ ਮੰਨਿਆ ਜਾਂਦਾ ਹੈ ਤੇ ਇਸ ਨੂੰ ਪੈਰਾਂ ਵਿੱਚ ਪਹਿਨਣ ਤੋਂ ਗੁਰੇਜ਼ ਕੀਤਾ ਜਾਂਦਾ ਹੈ।

(i) ਮੁੰਦਰੀ ਨਾਲ ਕਿਸ ਕਿਸਮ ਦੇ ਵਿਸ਼ਵਾਸ ਅਤੇ ਵਹਿਮ ਭਰਮ ਜੁੜੇ ਹਨ ?

(ii) ਪੈਰਾਂ ਦੀਆਂ ਉਂਗਲਾਂ ਵਿੱਚ ਪਹਿਨੇ ਜਾਣ ਵਾਲੇ ਛੱਲਿਆਂ ਨੂੰ ਕੀ ਕਿਹਾ ਜਾਂਦਾ ਹੈ ?

(iii) ਬਿਛੂਏ ਪਹਿਨਣ ਨਾਲ ਕਿਹੜਾ ਲੋਕ ਵਿਸ਼ਵਾਸ ਜੁੜਿਆ ਹੈ ?

(iv) ਸੋਨੇ ਦੇ ਬਿਛੂਏ ਪੈਰਾਂ ਵਿੱਚ ਕਿਉਂ ਨਹੀਂ ਪਹਿਨੇ ਜਾਂਦੇ ?

(v) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦਿਉ।

5×1=5

(ਅ) ਹੇਠ ਲਿਖੇ ਪੈਰ੍ਹੇ ਦੀ **ਇੱਕ** ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ :

ਇਤਿਹਾਸ ਬਾਰੇ ਜਾਨਣਾ ਜਾਂ ਲਿਖਣਾ ਨਿਰੇ ਇਤਿਹਾਸਕਾਰਾਂ ਦੀ ਮਲਕੀਅਤ ਨਹੀਂ ਹੈ। ਉਹਨਾਂ ਦੀਆਂ ਪਾਈਆਂ ਹੋਈਆਂ ਲੀਹਾਂ ਜਾਂ ਪੂਰਨੇ ਜ਼ਰੂਰੀ ਨਹੀਂ ਕਿ ਸ਼ੁੱਧ ਹੋਣ। ਕਾਰਨ ਇਹ ਕਿ ਬਹੁਤੀਆਂ ਲਿਖਤਾਂ ਅੰਦਰ, ਲਿਖਾਈ ਸ਼ੁਰੂ ਕਰਨ ਤੋਂ ਪਹਿਲਾਂ ਹੀ ਨਤੀਜਿਆਂ ਦਾ ਫ਼ੈਸਲਾ ਕੀਤਾ ਗਿਆ ਹੁੰਦਾ ਹੈ।



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਇਹਨਾਂ ਫ਼ੈਸਲਿਆਂ ਦੇ ਰਾਹ ਵਿੱਚ ਆਉਂਦੇ ਅਣਸੁਖਾਵੇਂ ਤੱਤ ਅਣਗੌਲੇ ਜਾਂ ਦਬਾਏ ਜਾਂਦੇ ਹਨ। ਇਤਿਹਾਸ ਲਿਖਦੇ ਸਮੇਂ ਇਤਿਹਾਸਕਾਰਾਂ ਦੇ ਨਿੱਜੀ ਦ੍ਰਿਸ਼ਟੀਕੋਣ ਦਾ ਅਸਰ ਵੀ ਇਤਿਹਾਸ 'ਤੇ ਪੈਣਾ ਲਾਜ਼ਮੀ ਹੁੰਦਾ ਹੈ। ਇਸ ਲਈ ਇਤਿਹਾਸ ਦੀ ਕਿਸੇ ਵੀ ਪੁਸਤਕ ਨੂੰ ਪੂਰਨ ਰੂਪ ਵਿੱਚ ਨਿਰਪੱਖ ਕਹਿਣਾ ਬੜਾ ਕਠਿਨ ਹੁੰਦਾ ਹੈ। ਕਈ ਵਾਰ ਕਿਸੇ ਦੇਸ਼ ਦੇ ਇੱਕ ਖ਼ਾਸ ਸਮੇਂ ਦੇ ਇਤਿਹਾਸ ਦੀ ਟੋਹ, ਉਸ ਸਮੇਂ ਦੇ ਕੁਝ ਵਿਅਕਤੀਆਂ ਦੀਆਂ ਨਿੱਜ ਨਾਲ ਵਾਪਰੀਆਂ ਕਹਾਣੀਆਂ ਤੋਂ ਲਾਈ ਜਾ ਸਕਦੀ ਹੈ। ਸ਼ਰਤ ਇਹ ਹੈ ਕਿ ਉਹਨਾਂ ਦੀ ਵਿਥਿਆ ਵਿੱਚ ਝੂਠ ਦੀ ਰਲਾਵਟ ਨਾ ਹੋਵੇ। 10



www.a2zpapers.com www.a2zpapers.com
ad free old Question papers gndu, ptu hp board, punjab